# 8

# ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ

PJB 008/**2014**

**ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ**



## ਸਾਰੀਆਂ ਔਰਤਾਂ ਲਈ
## ਇੱਕੋ ਪਰਿਵਾਰਕ ਕਾਨੂੰਨ।

### ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ

*ਇਹ ਪੁਸਤਿਕਾ ਤੁਹਾਨੂੰ ਕਾਨੂੰਨੀ ਮੁੱਦਿਆਂ ਦੀ ਇੱਕ ਬੁਨਿਆਦੀ ਸਮਝ ਦੇਣ ਲਈ ਹੈ। ਇਹ ਵਿਅਕਤੀਗਤ ਕਾਨੂੰਨੀ ਸਲਾਹ ਅਤੇ ਸਹਾਇਤਾ ਦੇ ਲਈ ਇੱਕ ਵਿਕਲਪ ਨਹੀ ਹੈ। ਜੇਕਰ ਤੁਸੀਂ ਪਰਿਵਾਰਕ ਕਾਨੂੰਨ ਦੇ ਮੁੱਦੇ ਨਾਲ ਨਜਿੱਠ ਰਹੇ ਹੋ, ਤਾਂ ਤੁਹਾਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਆਪਣੇ ਵਿਕਲਪਾਂ ਨੂੰ ਸਮਝਣ ਲਈ ਅਤੇ ਆਪਣੇ ਹੱਕਾਂ ਦੀ ਸੁਰੱਖਿਆ ਲਈ ਜਿੰਨੀ ਛੇਤੀ ਸੰਭਵ ਹੋਵੇ ਤੁਸੀਂ ਕਾਨੂੰਨੀ ਸਲਾਹ ਪ੍ਰਾਪਤ ਕਰੋ। ਪਰਿਵਾਰਕ ਕਾਨੂੰਨ ਵਕੀਲ ਨੂੰ ਲਭਣ ਲਈ ਅਤੇ ਉਸਦੇ ਖਰਚ ਦੇ ਭੁਗਤਾਨ ਲਈ ਵਧੇਰੇ ਜਾਣਕਾਰੀ ਹਾਸਿਲ ਕਰਨ ਲਈ ਸਾਡੀ ਪੁਸਤਿਕਾ "ਫਾਇਨਡਿੰਗ ਹੈਲਪ ਵਿਦ ਯੋਰ ਫ਼ੈਮਿਲੀ ਲਾ ਪ੍ਰਾਬਲਮ" (ਆਪਣੇ ਪਰਿਵਾਰਕ ਕਾਨੂੰਨ ਦੇ ਮਸਲੇ ਲਈ ਮਦਦ ਲਭਣਾ) ਵੇਖੋ। ਤੁਸੀਂ ਇੰਮੀਗ੍ਰੇਸ਼ਨ ਦੇ ਮਸਲਿਆਂ ਬਾਰੇ ਅਤੇ "ਲੁਕਿੰਗ ਫਾਰ ਏ ਫ਼ੈਮਿਲੀ ਲਾ ਲਾਇਰ" (ਪਰਿਵਾਰਕ ਕਾਨੂੰਨ ਦੇ ਵਕੀਲ ਦੀ ਖੋਜ) ਤੇ ਸਾਡੇ ਵੈਬਿਨਾਰ ਵੀ ਵੇਖਣਾ ਚਾਹੋਗੇ। ਇਹ ਸਾਰੇ ਸਰੋਤ ਸਾਡੀ ਵੈਬਸਾਇਟ www.onefamilylaw.ca ਤੇ ਹਨ।*

ਪਰਿਵਾਰ ਦਾ ਟੁੱਟਣਾ ਇੱਕ ਮੁਸ਼ਕਲ ਅਤੇ ਤਣਾਅਪੂਰਣ ਸਮਾਂ ਹੁੰਦਾ ਹੈ। ਜੇ ਤੁਸੀਂ ਜਾਂ ਤੁਹਾਡਾ ਸਾਥੀ ਕਿਸੇ ਹੋਰ ਦੇਸ਼ ਤੋਂ ਕੈਨੇਡਾ ਆਏ ਸੀ ਤਾਂ ਤੁਹਾਡੇ ਰਿਸ਼ਤੇ ਦੇ ਖਤਮ ਹੋਣ ਤੇ ਤੁਸੀਂ ਪਰਿਵਾਰਕ ਕਾਨੂੰਨ ਅਤੇ ਆਵਾਸ (ਇੰਮੀਗ੍ਰੇਸ਼ਨ) ਸੰਬੰਧੀ ਚੁਣੌਤੀਆਂ ਦਾ ਸਾਹਮਣਾ ਕਰ ਸਕਦੇ ਹੋ। ਉਦਾਹਰਨ ਲਈ, ਤੁਹਾਨੂੰ ਵਿੱਤੀ ਸਹਿਯੋਗ ਬਾਰੇ, ਤੁਹਾਡੇ ਬਚਿਆਂ ਦੇ ਪ੍ਰਬੰਧ ਬਾਰੇ ਅਤੇ ਪਰਿਵਾਰਕ ਜਾਇਦਾਦ ਨੂੰ ਵੰਡਣ ਲਈ ਫ਼ੈਸਲਾ ਕਰਨਾ ਪੈ ਸਕਦਾ ਹੈ। ਜੇ ਤੁਸੀਂ ਕੈਨੇਡਾ ਦੇ ਨਾਗਰਿਕ ਨਹੀਂ ਹੋ ਤਾਂ ਤੁਹਾਡੀ ਆਵਾਸੀ ਸਥਿਤੀ ਤੁਹਾਡੇ ਸਾਥੀ ਜਾਂ ਪਰਿਵਾਰ ਦੇ ਹੋਰ ਸਦੱਸ ਨਾਲ ਜੁੜੀ ਹੋ ਸਕਦੀ ਹੈ। ਤੁਹਾਨੂੰ ਇਸ ਬਾਰੇ ਚਿੰਤਾ ਹੋ ਸਕਦੀ ਹੈ:

- ਕਿ ਕੀ ਤੁਸੀਂ ਕਨੇਡਾ ਵਿਚ ਰਹਿ ਸਕਦੇ ਹੋ ਜਾਂ ਨਹੀਂ;
- ਕਿ ਕੀ ਤੁਹਾਨੂੰ ਤੁਹਾਡੇ ਬਚਿਆਂ ਤੋਂ ਵੱਖ ਕਰ ਦਿੱਤਾ ਜਾਵੇਗਾ;
- ਤੁਸੀਂ ਆਪਣੇ ਆਪ ਨੂੰ ਕਿਵੇਂ ਸੰਭਲਣਾ ਹੈ ਜੇ ਤੁਹਾਨੂੰ ਤੁਹਾਡੇ ਸਾਥੀ ਦੁਆਰਾ ਸਪੌਂਸਰ ਕੀਤਾ ਗਿਆ ਸੀ ਅਤੇ ਤੁਸੀਂ ਇਸ ਰਿਸ਼ਤੇ ਨੂੰ ਛੱਡਦੇ ਹੋ।

## ਪਰਿਵਾਰਕ ਅਦਾਲਤ ਵਿਚ ਹੱਕ

ਪਰਿਵਾਰਕ ਕਾਨੂੰਨ ਦੇ ਤਹਿਤ ਪਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਮਹਿਲਾਵਾਂ ਨੂੰ ਕੈਨੇਡਾ ਵਿਚ ਜੰਮੀਆਂ ਮਹਿਲਾਵਾਂ ਵਾਲੀਆਂ ਜਿੰਮੇਵਾਰੀਆਂ ਅਤੇ ਹੱਕ ਹਨ। ਜਦੋਂ ਤੁਸੀਂ ਆਪਣੇ ਸਾਥੀ ਤੋਂ ਵੱਖ ਹੁੰਦੇ ਹੋ ਤਾਂ, ਤੁਸੀਂ ਆਪਣੇ ਬਚੇ ਦੀ ਹਿਰਾਸਤ ਜਾਂ ਉਸ ਤੱਕ ਪਹੁੰਚ ਲਈ, ਬਚੇ ਦੀ ਸਹਾਇਤਾ ਲਈ, ਸਪਾਊਜ਼ਲ ਸਹਿਯੋਗ ਲਈ ਅਦਾਲਤ ਵਿਚ ਜਾ ਕੇ ਅਰਜ਼ੀ ਦਾਇਰ ਕਰ ਸਕਦੇ ਹੋ ਅਤੇ ਅਦਾਲਤ ਨੂੰ ਪਰਿਵਾਰਕ ਜਾਇਦਾਦ ਵਿਚੋਂ ਤੁਹਾਡਾ ਹਿੱਸਾ ਤੁਹਾਨੂੰ ਦੇਣ ਲਈ ਕਹਿ ਸਕਦੇ ਹੋ। ਤੁਸੀਂ ਪਰਿਵਾਰਕ ਅਦਾਲਤ ਵਿਚ ਜਾ ਸਕਦੇ ਹੋ ਭਾਵੇਂ ਤੁਹਾਡਾ ਕੋਈ ਵੀ ਇੰਮੀਗ੍ਰੇਸ਼ਨ ਦਰਜਾ ਹੋਵੇ।

ਜੇ ਤੁਸੀਂ ਅਦਾਲਤ ਦੀ ਕਾਰਵਾਈ ਵਿਚ ਹਿੱਸਾ ਲੈਂਦੇ ਹੋ ਤਾਂ ਤੁਹਾਨੂੰ ਆਪਣੀ ਪਛਾਣ ਕਰਵਾਣੀ ਪਵੇਗੀ। ਭਾਵੇਂ ਤੁਹਾਨੂੰ ਕਿਸੇ ਵੀ ਹੋਰ ਮਹਿਲਾ ਦੀ ਤਰ੍ਹਾਂ ਸਾਰੇ ਪਰਿਵਾਰਕ ਕਾਨੂੰਨੀ ਹੱਕ ਹਨ, ਪਰ ਜੇ ਤੁਹਾਡਾ ਕੈਨੇਡਾ ਵਿਚ ਕਾਨੂੰਨੀ ਦਰਜਾ ਨਹੀਂ ਹੈ ਤਾਂ ਤੁਸੀਂ ਇੰਮੀਗ੍ਰੇਸ਼ਨ ਅਧਿਕਾਰੀਆਂ ਦੀ ਨਜ਼ਰ ਵਿਚ ਆ ਸਕਦੇ ਹੋ ਅਤੇ ਨਿਰਵਾਸਿਤ ਜੋ ਸਕਦੇ ਹੋ। ਕੈਨੇਡਾ ਵਿਚ ਰਹਿਣ ਦਾ ਹੱਕ ਤੁਹਾਡੇ ਇੰਮੀਗ੍ਰੇਸ਼ਨ ਦਰਜੇ ਤੇ ਨਿਰਭਰ ਕਰਦਾ ਹੈ। ਆਪਣੀ ਅਤੇ ਆਪਣੇ ਬਚਿਆਂ ਦੀ ਰੱਖਿਆ ਲਈ ਤੁਹਾਨੂੰ ਆਪਣੇ ਹੱਕਾਂ ਅਤੇ ਵਿਕਲਪਾਂ ਦਾ ਪਤਾ ਹੋਣਾ ਚਾਹੀਦਾ ਹੈ।

## ਰਿਸ਼ਤਾ ਟੁੱਟਣਾ ਅਤੇ ਇੰਮੀਗ੍ਰੇਸ਼ਨ ਸੰਬੰਧੀ ਚਿੰਤਾਵਾਂ

ਜਦੋਂ ਤੁਹਾਡਾ ਰਿਸ਼ਤਾ ਖਤਮ ਹੁੰਦਾ ਹੈ ਤਾਂ ਕੈਨੇਡਾ ਵਿਚ ਰਹਿਣ ਦਾ ਤੁਹਾਡਾ ਹੱਕ ਤੁਹਾਡੇ ਇੰਮੀਗ੍ਰੇਸ਼ਨ ਦਰਜੇ ਤੇ ਨਿਰਭਰ ਕਰਦਾ ਹੈ। ਕਾਨੂੰਨ ਦਾ ਇਹ ਖੇਤਰ ਬਹੁਤ ਗੁੰਝਲਦਾਰ ਹੋ ਗਿਆ ਹੈ। ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡਾ ਇੰਮੀਗ੍ਰੇਸ਼ਨ ਦਰਜਾ ਖਤਰੇ ਵਿਚ ਹੋ ਸਕਦਾ ਹੈ ਤਾਂ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਵਿਕਲਪਾਂ ਬਾਰੇ ਜਾਣਨ ਲਈ ਇੰਮੀਗ੍ਰੇਸ਼ਨ ਵਕੀਲ ਨੂੰ ਤੁਰੰਤ ਮਿਲੋ।

### ਸਥਾਈ ਨਿਵਾਸੀ (ਪਰਮਾਨੈਂਟ ਰੈਜ਼ੀਡੈਂਟ)

ਜੇ ਤੁਹਾਡੇ ਸਾਥੀ (ਸਮਾਨ ਲਿੰਗ ਦੇ ਸਾਥੀ ਵੀ ਸ਼ਾਮਲ ਹਨ) ਨੇ ਤੁਹਾਨੂੰ ਪਰਮਾਨੈਂਟ ਰੈਜ਼ੀਡੈਂਟ (ਸਥਾਈ ਨਿਵਾਸੀ) ਬਣਨ ਲਈ ਸਪੌਂਸਰ ਕੀਤਾ ਸੀ ਅਤੇ ਤੁਹਾਨੂੰ ਪਰਮਾਨੈਂਟ ਰੈਜ਼ੀਡੈਂਟ ਦਰਜਾ ਪ੍ਰਵਾਨ ਹੋਣ ਤੋਂ **ਪਹਿਲਾਂ** ਹੀ ਤੁਹਾਡਾ ਰਿਸ਼ਤਾ ਖਤਮ ਹੋ ਜਾਂਦਾ ਹੈ, ਤਾਂ ਤੁਹਾਡਾ ਇੰਮੀਗ੍ਰੇਸ਼ਨ ਦਰਜਾ ਖਤਰੇ ਵਿਚ ਪੈ ਸਕਦਾ ਹੈ ਅਤੇ ਤੁਹਾਨੂੰ ਕੈਨੇਡਾ ਵਿਚੋਂ ਹਟਾਇਆ ਜਾ ਸਕਦਾ ਹੈ।

ਜੇ ਤੁਸੀਂ ਪਹਿਲਾਂ ਹੀ ਪਰਮਾਨੈਂਟ ਰੈਜ਼ੀਡੈਂਟ (ਸਥਾਈ ਨਿਵਾਸੀ) ਹੋ, ਅਤੇ ਰਿਸ਼ਤਾ ਖਤਮ ਹੋਣ ਦੇ ਸਮੇਂ ਤੁਹਾਡੇ ਪਰਮਾਨੈਂਟ ਰੈਜ਼ੀਡੈਂਟ ਦਰਜੇ ਤੇ ਕੋਈ ਸ਼ਰਤਾਂ ਨਹੀਂ ਹਨ, ਤਾਂ ਤੁਸੀਂ ਆਪਣਾ ਦਰਜਾ ਨਹੀਂ ਗੁਆ ਸਕਦੇ ਜਾਂ ਤੁਹਾਨੂੰ ਕੈਨੇਡਾ ਵਿਚੋਂ ਸਿਰਫ ਇਸ ਲਈ ਨਹੀਂ ਹਟਾਇਆ ਜਾ ਸਕਦਾ ਕਿਉਂਕਿ ਤੁਸੀਂ ਆਪਣੇ ਸਾਥੀ ਤੋਂ ਵੱਖ ਹੋਏ ਹੋ। ਇਹ ਸੱਚ ਹੈ ਭਾਵੇਂ ਤੁਹਾਡੇ ਸਾਥੀ ਨੇ ਤੁਹਾਨੂੰ ਕੈਨੇਡਾ ਆਉਣ ਲਈ ਸਪੌਂਸਰ ਕੀਤਾ ਹੋਵੇ।

ਜੇ ਤੁਹਾਡੇ ਸਾਥੀ ਨੇ ਤੁਹਾਨੂੰ ਪਰਮਾਨੈਂਟ ਰੈਜ਼ੀਡੈਂਟ (ਸਥਾਈ ਨਿਵਾਸੀ) ਬਣਨ ਲਈ ਸਪੌਂਸਰ ਕੀਤਾ ਸੀ ਅਤੇ ਤੁਹਾਡਾ ਰਿਸ਼ਤਾ ਤੁਹਾਡੇ ਸਪੌਂਸਰ ਨਾਲ ਖਤਮ ਹੋ ਜਾਂਦਾ ਹੈ, ਤਾਂ ਵੀ ਤੁਹਾਡਾ ਸਪੌਂਸਰ ਤੁਹਾਨੂੰ ਪਰਮਾਨੈਂਟ ਰੈਜ਼ੀਡੈਂਟ ਦਰਜਾ ਪ੍ਰਾਪਤ ਹੋਣ ਤੋਂ ਬਾਅਦ 3 ਸਾਲਾਂ ਤੱਕ ਤੁਹਾਡੇ ਲਈ ਮਾਲੀ ਤੌਰ ਤੇ ਜ਼ਿੰਮੇਵਾਰ ਹੈ। ਜੇ ਤੁਹਾਡਾ ਸਪੌਂਸਰ 3 ਸਾਲ ਦੀ ਸਪਾਂਸਰਸ਼ਿਪ ਅਵਧੀ ਦੇ ਦੌਰਾਨ ਤੁਹਾਨੂੰ ਮਾਲੀ ਤੌਰ ਤੇ ਸਹਿਯੋਗ ਨਹੀਂ ਕਰੇਗਾ/ਗੀ ਜਾਂ ਕਰ ਸਕੇਗਾ/ਗੀ, ਤਾਂ ਤੁਸੀਂ ਆਪਣੀ ਮਾਲੀ ਸਹਾਇਤਾ ਲਈ ਸਮਾਜਕ ਸਹਾਇਤਾ ਲਈ ਅਰਜੀ ਦੇ ਸਕਦੇ ਹੋ।

ਜੇ ਤੁਸੀਂ ਆਪਣੇ ਸਾਥੀ ਨੂੰ ਸਪੌਂਸਰ ਕੀਤਾ ਸੀ ਅਤੇ ਤੁਹਾਡਾ ਰਿਸ਼ਤਾ ਖਤਮ ਹੋ ਜਾਂਦਾ ਹੈ, ਤਾਂ ਧਿਆਨ ਰਹੇ ਕਿ ੩ ਸਾਲ ਦੀ ਸਪਾਂਸਰਸ਼ਿਪ ਅਵਧੀ ਦੇ ਖਤਮ ਹੋਣ ਤੱਕ ਤੁਹਾਡੇ ਸਾਥੀ ਦੀ ਮਾਲੀ ਜ਼ਿੰਮੇਵਾਰੀ ਤੁਹਾਡੇ ਉੱਤੇ ਹੈ। ਜੇ ਇਸ ਸਪਾਂਸਰਸ਼ਿਪ ਅਵਧੀ ਦੇ ਦੌਰਾਨ ਉਹ ਸਮਾਜਕ ਸਹਾਇਤਾ ਤੇ ਜਾਂਦਾ ਜਾਂ ਜਾਂਦੀ ਹੈ ਭਾਵੇਂ ਤੁਸੀਂ ਦੋਨੋਂ ਇਕੱਠੇ ਨਹੀਂ ਹੋ, ਤਾਂ ਵੀ ਸੰਭਾਵਨਾ ਹੈ ਕਿ ਤੁਹਾਨੂੰ ਸਰਕਾਰ ਨੂੰ ਇਸ ਪੈਸੇ ਦਾ ਭੁਗਤਾਨ ਕਰਨਾ ਪਵੇਗਾ।

## ਪ੍ਰਤੀਬੰਧਿਤ ਪਰਮਾਨੈਂਟ ਰੈਜ਼ੀਡੈਂਟ (ਸਥਾਈ ਨਿਵਾਸੀ)

ਕੁਝ ਸਪੌਂਸਰ ਕੀਤੇ ਸਾਥੀਆਂ ਨੂੰ ਉਹਨਾਂ ਦੀ ਪਰਮਾਨੈਂਟ ਰੈਜ਼ੀਡੈਂਸ ਮਨਜ਼ੂਰ ਹੋਣ ਤੇ ਪਹਿਲੇ 2 ਸਾਲਾਂ ਲਈ **ਪ੍ਰਤੀਬੰਧਿਤ ਪਰਮਾਨੈਂਟ ਰੈਜ਼ੀਡੈਂਸ** ਦੀ ਪ੍ਰਵਾਨਗੀ ਮਿਲਦੀ ਹੈ। ਪ੍ਰਤੀਬੰਧਿਤ ਪਰਮਾਨੈਂਟ ਰੈਜ਼ੀਡੈਂਸ ਦਾ ਮਤਲਬ ਹੈ ਕਿ ਸਪੌਂਸਰ ਕੀਤੇ ਗਏ ਸਾਥੀ ਅਤੇ ਸਪੌਂਸਰ ਨੂੰ ਪਰਮਾਨੈਂਟ ਰੈਜ਼ੀਡੈਂਸ ਦੀ ਪ੍ਰਵਾਨਗੀ ਤੋਂ ਬਾਅਦ 2 ਸਾਲਾਂ ਲਈ ਸੱਚੇ ਰਿਸ਼ਤੇ ਵਿਚ ਇਕੱਠੇ ਰਹਿਣਾ ਜ਼ਰੂਰੀ ਹੈ। ਜੇ 2 ਸਾਲ ਦੀ ਅਵਧੀ ਦੇ ਦੌਰਾਨ ਰਿਸ਼ਤਾ ਟੁੱਟ ਜਾਂਦਾ ਹੈ ਤਾਂ ਸਪੌਂਸਰ ਕੀਤਾ ਗਿਆ ਸਾਥੀ ਆਪਣਾ ਪਰਮਾਨੈਂਟ ਰੈਜ਼ੀਡੈਂਸ ਦਰਜਾ ਗੁਆ ਸਕਦਾ ਜਾਂ ਸਕਦੀ ਹੈ।

ਪ੍ਰਤੀਬੰਧਿਤ ਪਰਮਾਨੈਂਟ ਰੈਜ਼ੀਡੈਂਸ ਸਾਥੀਆਂ ਤੇ ਕੇਵਲ ਤਾਂ ਲਾਗੂ ਹੁੰਦੀ ਹੈ ਜੇ:

- ਉਹਨਾਂ ਦੀ ਸਪਾਂਸਰਸ਼ਿਪ ਦੀ ਅਰਜੀ **ਅਕਤੂਬਰ 25, 2012** ਨੂੰ ਜਾਂ ਉਸਤੋਂ ਬਾਅਦ ਜਮਾਂ ਕਰਵਾਈ ਗਈ ਸੀ; ਅਤੇ
- ਉਹਨਾਂ ਦਾ ਰਿਸ਼ਤਾ ਅਰਜੀ ਦੇ ਸਮੇਂ **2 ਸਾਲ ਜਾਂ ਉਸਤੋਂ ਘੱਟ** ਦਾ ਸੀ; ਅਤੇ
- ਅਰਜੀ ਦੇ ਸਮੇਂ **ਉਹਨਾਂ ਦੇ ਇਕੱਠੇ ਬਚੇ ਨਹੀਂ ਸਨ।**

ਜੇ ਤੁਹਾਡਾ ਬਚਾ ਤੁਹਾਡੀ ਅਰਜੀ ਜਮ੍ਹਾਂ ਹੋਣ ਤੋਂ ਬਾਅਦ ਹੁੰਦਾ ਹੈ ਤਾਂ ਇਹ ਸ਼ਰਤ ਨੂੰ ਨਹੀਂ ਬਦਲੇਗਾ। ਇਹ ਸ਼ਰਤ ਕੈਨੇਡਾ ਦੇ ਵਿਚ ਅਤੇ ਕੈਨੇਡਾ ਦੇ ਬਾਹਰੋਂ ਲਗਾਈਆਂ ਗਈਆਂ ਸਾਰੀਆਂ ਸਪਾਊਜ਼ਲ ਸਪਾਂਸਰਸ਼ਿਪ ਅਰਜੀਆਂ ਤੇ ਲਾਗੂ ਹੁੰਦੀ ਹੈ।

ਸ਼ਰਤੀਆ ਲੋੜ ਦੇ **ਅਪਵਾਦ** ਵੀ ਹਨ। ਜੇ ਤੁਸੀਂ ਸਬੂਤ ਦਿਖਾ ਸਕਦੇ ਹੋ ਤਾਂ ਤੁਸੀਂ ਇਸ ਸ਼ਰਤ ਨੂੰ ਹਟਵਾ ਵੀ ਸਕਦੇ ਹੋ ਜੇ:

- ਤੁਹਾਡੇ ਸਪੌਂਸਰ ਦੀ ਮੌਤ ਹੋ ਜਾਂਦੀ ਹੈ;
- ਤੁਹਾਡਾ ਰਿਸ਼ਤਾ ਟੁੱਟ ਜਾਂਦਾ ਹੈ ਕਿਉਂਕਿ ਤੁਹਾਡਾ ਸਪੌਂਸਰ ਤੁਹਾਡੇ ਨਾਲ, ਤੁਹਾਡੇ ਬਚਿਆਂ ਨਾਲ ਜਾਂ ਤੁਹਾਡੇ ਨਾਲ ਰਹਿ ਰਹੇ ਰਿਸ਼ਤੇਦਾਰ ਨਾਲ ਦੁਰਵਿਵਹਾਰ ਕਰਦਾ ਹੈ ਜਾਂ ਤੁਹਾਨੂੰ ਨਜ਼ਰਅੰਦਾਜ਼ ਕਰਦਾ ਹੈ; ਜਾਂ
- ਜੇ ਤੁਹਾਡਾ ਸਪੌਂਸਰ ਤੁਹਾਡੇ ਨਾਲ, ਤੁਹਾਡੇ ਬਚਿਆਂ ਨਾਲ ਜਾਂ ਤੁਹਾਡੇ ਨਾਲ ਰਹਿ ਰਹੇ ਰਿਸ਼ਤੇਦਾਰ ਨਾਲ, ਸਪੌਂਸਰ ਦੇ ਕਿਸੇ ਰਿਸ਼ਤੇਦਾਰ ਵਲੋਂ ਹੋਏ ਦੁਰਵਿਵਹਾਰ ਜਾਂ ਨਜ਼ਰਅੰਦਾਜ਼ੀ ਤੋਂ ਤੁਹਾਡੀ ਰੱਖਿਆ ਨਹੀਂ ਕਰ ਸਕਦਾ।

ਦੁਰਵਿਵਹਾਰ ਜਿਸਮਾਨੀ, ਜਿਨਸੀ, ਵਿੱਤੀ ਅਤੇ / ਜਾਂ ਮਾਨਸਿਕ ਹੋ ਸਕਦਾ ਹੈ। ਨਜ਼ਰਅੰਦਾਜ਼ੀ ਦਾ ਭਾਵ ਹੈ ਜੀਵਨ ਦੀਆਂ ਜਰੂਰਤਾਂ ਜਿਵੇਂ ਕਿ ਭੋਜਨ, ਕੱਪੜੇ, ਡਾਕਟਰੀ ਦੇਖਭਾਲ, ਟਿਕਾਣਾ, ਅਤੇ ਕੋਈ ਵੀ ਅਜਿਹੀ ਚੀਜ਼ ਜਿਸਦੇ ਨਾ ਮਿਲਣ ਕਰਕੇ ਗੰਭੀਰ ਨੁਕਸਾਨ ਹੋ ਸਕਦਾ ਹੈ ਨੂੰ ਮੁਹੱਈਆ ਕਰਵਾਉਣ ਵਿਚ ਅਸਫਲ ਹੋਣਾ।

**a. ਮੈਂ ਪ੍ਰਤੀਬੰਧਿਤ ਪਰਮਾਨੈਂਟ ਰੈਜ਼ੀਡੈਂਸ ਦੇ ਅਪਵਾਦ ਲਈ ਕਿਵੇਂ ਦਰਖਾਸਤ ਕਰ ਸਕਦਾ/ਦੀ ਹਾਂ?**
ਵਧੇਰੇ ਜਾਣਕਾਰੀ ਲਈ ਜਾਂ ਪ੍ਰਤੀਬੰਧਿਤ ਪਰਮਾਨੈਂਟ ਰੈਜ਼ੀਡੈਂਸ ਦੇ ਅਪਵਾਦਾਂ ਲਈ ਦਰਖਾਸਤ ਕਰਨ ਬਾਰੇ ਜਾਣਕਾਰੀ ਲਈ **ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਕੈਨੇਡਾ** (ਸੀਆਈਸੀ) ਨੂੰ 1-888-242-2100 ਤੇ ਸੰਪਰਕ ਕਰੋ।

ਜੇ ਤੁਸੀਂ ਆਪਣੇ ਸਪੌਂਸਰ ਦੀ ਮੌਤ ਕਾਰਣ ਅਪਵਾਦ ਲਈ ਦਰਖਾਸਤ ਕਰਨੀ ਹੈ ਤਾਂ ਤੁਹਾਨੂੰ ਮੌਤ ਦਾ ਸਬੂਤ ਦੇਣਾ ਪਵੇਗਾ ਅਤੇ ਇਹ ਸਾਬਤ ਕਰਨਾ ਪਵੇਗਾ ਕਿ ਤੁਸੀਂ ਸਪੌਂਸਰ ਦੀ ਮੌਤ ਤੱਕ ਇੱਕ ਸੱਚੇ ਰਿਸ਼ਤੇ ਵਿਚ ਇਕੱਠੇ ਰਹੇ ਸੀ।

ਦੁਰਵਿਵਹਾਰ ਜਾਂ ਅਣਗਹਿਲੀ ਦੇ ਕਾਰਣ ਅਪਵਾਦ ਲਈ ਦਰਖਾਸਤ ਕਰਨ ਲਈ, ਤੁਹਾਨੂੰ ਪਹਿਲਾਂ ਰਿਸ਼ਤਾ ਛਡਣਾ ਪਵੇਗਾ। ਜਦੋਂ ਤੁਸੀਂ ਇੰਮੀਗ੍ਰੇਸ਼ਨ ਅਫ਼ਸਰ ਨੂੰ ਸੰਪਰਕ ਕਰੋਗੇ, ਤੁਹਾਨੂੰ ਦੁਰਵਿਵਹਾਰ ਜਾਂ ਅਣਗਹਿਲੀ ਨੂੰ ਸਾਬਤ ਕਰਨ ਲਈ ਜਿੰਨੀ ਸੰਭਵ ਹੋਏ ਜਾਣਕਾਰੀ ਦੇਣੀ ਪਏਗੀ। ਸਬੂਤਾਂ ਦੇ ਵੱਖ ਵੱਖ ਕਿਸਮ ਦੇ ਕੁਝ ਉਦਾਹਰਣਾਂ ਵਿੱਚ ਸ਼ਾਮਲ ਹਨ:

- ਪੁਲਿਸ ਰਿਪੋਰਟ
- ਮੈਡੀਕਲ ਰਿਪੋਰਟ
- ਮਹਿਲਾਵਾਂ ਦੀ ਸ਼ਰਨ ਵਰਕਰ ਜਾਂ ਹੋਰ ਸਮਾਜਿਕ ਸਹਿਯੋਗ ਵਿਅਕਤੀ ਵਲੋਂ ਪੱਤਰ
- ਕੋਰਟ ਦਸਤਾਵੇਜ਼
- ਤਸਵੀਰਾਂ, ਈਮੇਲਾਂ, ਵਾਇਸਮੇਲਾਂ
- ਗਵਾਹਾਂ ਵਲੋਂ ਪੱਤਰ ਜਾਂ ਸੁਹੰਬੱਧ ਬਿਆਨ

ਤੁਹਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਦੁਰਵਿਵਹਾਰ ਜਾਂ ਅਣਗਹਿਲੀ ਦੇ ਕਾਰਣ ਰਿਸ਼ਤਾ ਖਤਮ ਹੋਣ ਤੋਂ ਪਹਿਲਾਂ ਤੁਸੀਂ ਅਤੇ ਤੁਹਾਡਾ ਸਪੌਂਸਰ ਇੱਕ ਸੱਚੇ ਰਿਸ਼ਤੇ ਵਿਚ ਰਹਿ ਰਹੇ ਸੀ। ਇਸਨੂੰ ਸਾਬਤ ਕਰਨ ਦੇ ਕੁਝ ਤਰੀਕੇ ਹਨ:

- ਖਾਸ ਦਸਤਾਵੇਜ਼ ਜੋ ਇਹ ਦਰਸ਼ਾਉਣ ਕਿ ਤੁਸੀਂ ਅਤੇ ਤੁਹਾਡਾ ਸਪੌਂਸਰ ਇੱਕੋ ਪਤੇ ਤੇ ਰਹਿੰਦੇ ਸੀ (ਡਰਾਈਵਰ ਲਾਇਸੈਂਸ, ਹੈਲਥ ਕਾਰਡ, ਉਪਯੋਗਿਤਾ ਬਿੱਲ)
- ਸਾਂਝੀਆਂ ਵਿੱਤੀ ਸਟੇਟਮੈਂਟਾਂ (ਬੈਂਕ ਖਾਤੇ, ਕਰੈਡਿਟ ਕਾਰਡ, ਲੀਜ਼ ਜਾਂ ਸੰਪਤੀ ਦੀ ਮਲਕੀਯਤ ਦੇ ਦਸਤਾਵੇਜ਼)
- ਉਹਨਾਂ ਲੋਕਾਂ ਕੋਲੋਂ ਪੱਤਰ ਜੋ ਤੁਹਾਨੂੰ ਜੋੜੇ ਦੀ ਤਰਾਂ ਜਾਣਦੇ ਸੀ

ਜੇ ਤੁਸੀਂ ਆਪਣੇ ਸਪੌਂਸਰ ਨੂੰ ਛੱਡਣ ਬਾਰੇ ਸੋਚ ਰਹੇ ਹੋ, ਤਾਂ ਤੁਹਾਡੀ ਸਹਾਇਤਾ ਅਤੇ ਸੁਰੱਖਿਆ ਲਈ ਇਹ ਬਹੁਤ ਹੀ ਮਹੱਤਵਪੂਰਨ ਹੈ ਕਿ ਤੁਸੀਂ ਕਿਸੀ ਮਹਿਲਾ ਸੰਗਠਨ ਜਾਂ ਮਹਿਲਾ ਸ਼ਰਣ ਕੇਂਦਰ ਤੋਂ ਮਦਦ ਲਵੋ ਅਤੇ ਫੌਰਨ ਕਿਸੇ ਇੰਮੀਗ੍ਰੇਸ਼ਨ ਵਕੀਲ ਤੋਂ ਕਾਨੂੰਨੀ ਸਲਾਹ ਪ੍ਰਾਪਤ ਕਰੋ।

**b. 2 ਸਾਲ ਦੀ ਪ੍ਰਤੀਬੰਧਿਤ ਅਵਧੀ ਖਤਮ ਹੋਣ ਤੋਂ ਬਾਅਦ ਕੀ ਹੁੰਦਾ ਹੈ?**

ਜੇ ਤੁਹਾਨੂੰ ਪ੍ਰਤੀਬੰਧਿਤ ਪਰਮਾਨੈਂਟ ਰੈਜ਼ੀਡੈਂਸ ਮਿਲੀ ਹੈ, ਅਤੇ ਤੁਸੀਂ ਆਪਣੇ ਸਪੌਂਸਰ ਨਾਲ ਕੈਨੇਡਾ ਵਿਚ 2 ਸਾਲ ਰਹਿ ਚੁਕੇ ਹੋ, ਤਾਂ ਤੁਸੀਂ ਪਰਮਾਨੈਂਟ ਰੈਜ਼ੀਡੈਂਟ ਬਣ ਚੁਕੇ ਹੋ ਅਤੇ ਤੁਹਾਨੂੰ ਕਿਸੇ ਖਾਸ ਪ੍ਰਤੀਬੰਧ ਦੀ ਪਾਲਣਾ ਨਹੀਂ ਕਰਨੀ। ਤੁਸੀਂ ਆਪਣਾ ਪਰਮਾਨੈਂਟ ਰੈਜ਼ੀਡੈਂਸ ਦਰਜਾ ਕੇਵਲ ਇਸ ਲਈ ਨਹੀਂ ਗੁਆ ਸਕਦੇ ਜਾਂ ਤੁਹਾਨੂੰ ਕੈਨੇਡਾ ਵਿਚੋਂ ਇਸ ਲਈ ਨਹੀਂ ਹਟਾਇਆ ਜਾ ਸਕਦਾ ਕਿਉਂਕਿ ਤੁਸੀਂ ਆਪਣੇ ਸਾਥੀ ਤੋਂ ਵੱਖ ਹੋ ਰਹੇ ਹੋ। ਤੁਹਾਡਾ ਸਪੌਂਸਰ ਸਪੌਂਸਰਸ਼ਿਪ ਦੀ 3 ਸਾਲ ਦੀ ਅਵਧੀ ਪੂਰੀ ਹੋਣ ਤੱਕ ਤੁਹਾਡੀ ਮਾਲੀ ਹਾਲਤ ਦਾ ਜ਼ਿੰਮੇਵਾਰ ਹੈ। ਜੇ ਤੁਹਾਡਾ ਸਾਥੀ ਤੁਹਾਨੂੰ ਸਹਿਯੋਗ ਨਹੀਂ ਕਰ ਸਕਦਾ ਜਾਂ ਕਰਨਾ ਜਾਰੀ ਨਹੀਂ ਰੱਖ ਸਕਦਾ, ਤਾਂ ਤੁਸੀਂ ਆਪਣੇ ਆਪ ਨੂੰ ਸਹਾਰਾ ਦੇਣ ਲਈ ਸਮਾਜਕ ਸਹਾਇਤਾ ਲਈ ਅਰਜ਼ੀ ਦੇ ਸਕਦੇ ਹੋ।

ਇਹ ਜ਼ਰੂਰੀ ਹੈ ਕਿ ਤੁਸੀਂ ਇਹ ਯਾਦ ਰਖੋ 2 ਸਾਲ ਦੀ ਪ੍ਰਤੀਬੰਧਿਤ ਅਵਧੀ ਦੇ ਦੌਰਾਨ, ਜੇ ਇੰਮੀਗ੍ਰੇਸ਼ਨ ਅਫ਼ਸਰ ਇਹ ਸੋਚਦੇ ਹਨ ਕਿ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ, ਤਾਂ ਉਹ ਤੁਹਾਨੂੰ ਸ਼ਰਤਾਂ ਦੇ ਪੂਰੇ ਕਰਨ ਦੇ ਸਬੂਤ ਪ੍ਰਦਾਨ ਕਰਨ ਲਈ ਕਹਿ ਸਕਦੇ ਹਨ। ਸਰਕਾਰ ਇਹ ਵੀ ਯਕੀਨੀ ਬਣਾਉਣ ਲਈ ਲਗਾਤਾਰ ਚੈਕ ਕਰ ਸਕਦੀ ਹੈ ਕਿ ਸਪੌਂਸਰ ਕੀਤਾ ਗਿਆ ਸਾਥੀ ਆਪਣੇ ਸਪੌਂਸਰ ਨਾਲ ਅਜੇ ਵੀ ਇੱਕ ਸੱਚੇ ਰਿਸ਼ਤੇ ਵਿਚ ਰਹਿ ਰਿਹਾ/ਰਹੀ ਹੈ ਜਾਂ ਨਹੀਂ।

ਤੁਹਾਡੀ 2 ਸਾਲ ਦੀ ਪ੍ਰਤੀਬੰਧਿਤ ਅਵਧੀ ਦੇ ਮੁਕੰਮਲ ਹੋਣ ਦੇ ਬਾਅਦ ਵੀ ਜੇ ਸਰਕਾਰ ਨੂੰ ਲਗਦਾ ਹੈ ਕਿ ਤੁਸੀਂ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਤਾਂ ਉਹ ਇਸਦੀ ਪੜਤਾਲ ਕਰ ਸਕਦੇ ਹਨ। ਜੇ ਉਹਨਾਂ ਨੂੰ ਇਹ ਲਗਦਾ ਹੈ ਕਿ ਤੁਸੀਂ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਤਾਂ ਤੁਹਾਨੂੰ ਪਰਮਾਨੈਂਟ ਰੈਜ਼ੀਡੈਂਸ ਦਰਜਾ ਗੁਆਉਣ ਦਾ ਖਤਰਾ ਹੋ ਸਕਦਾ ਹੈ। ਜੇ ਅਜਿਹਾ ਹੁੰਦਾ ਹੈ, ਤੁਹਾਨੂੰ ਆਪਣਾ ਪਰਮਾਨੈਂਟ ਰੈਜ਼ੀਡੈਂਸ ਦਰਜਾ ਖੋਹੇ ਜਾਣ ਤੋਂ ਪਹਿਲਾਂ ਕਿਸੇ ਇੰਮੀਗ੍ਰੇਸ਼ਨ ਅਧਿਕਾਰੀ ਨਾਲ ਗੱਲ ਕਰਨ ਦਾ ਅਤੇ ਇੱਕ ਸੁਣਵਾਈ 'ਚ ਜਾਣ ਦਾ ਮੌਕਾ ਦਿੱਤਾ ਜਾਵੇਗਾ।

## ਸ਼ਰਨਾਰਥੀ ਅਤੇ ਵਿਅਕਤੀ ਜਿਹਨਾਂ ਨੂੰ ਸੁਰੱਖਿਆ ਦੀ ਲੋੜ ਹੈ

ਜੇ ਤੁਸੀਂ ਕੈਨੇਡਾ ਵਿਚ ਹੋ ਅਤੇ ਤੁਹਾਡੀ ਪਛਾਣ ਕਨਵੈਨਸ਼ਨ ਸ਼ਰਨਾਰਥੀ ਜਾਂ ਸੁਰੱਖਿਆ ਦੀ ਲੋੜ ਵਾਲੇ ਵਿਅਕਤੀ ਦੇ ਰੂਪ ਵਿਚ ਕੀਤੀ ਗਈ ਹੈ, ਤਾਂ ਕੇਵਲ ਤੁਹਾਡਾ ਰਿਸ਼ਤਾ ਖਤਮ ਹੋਣ ਕਾਰਣ ਤੁਹਾਨੂੰ ਕੈਨੇਡਾ ਵਿਚੋਂ ਹਟਾਇਆ ਨਹੀਂ ਜਾ ਸਕਦਾ।

ਜੇ ਤੁਸੀਂ ਆਪਣੇ ਸਾਥੀ ਦੇ ਨਾਲ ਸ਼ਰਨਾਰਥੀ ਦੀ ਅਰਜ਼ੀ ਕੀਤੀ ਸੀ ਅਤੇ ਤੁਸੀਂ ਇਸ ਰਿਸ਼ਤੇ ਨੂੰ ਖਤਮ ਕਰਨਾ ਚਾਹੁੰਦੇ ਹੋ, ਤਾਂ ਸੰਭਵ ਹੈ ਤੁਸੀਂ ਸ਼ਰਨਾਰਥੀ ਸੁਣਵਾਈ ਤੋਂ ਪਹਿਲਾਂ ਆਪਣੇ ਸਾਥੀ ਤੋਂ ਆਪਣੀ ਅਰਜ਼ੀ ਵੱਖ ਕਰ ਸਕੋ। ਇਹ ਕਰਨ ਲਈ ਤੁਹਾਨੂੰ ਆਪਣਾ ਵਕੀਲ ਕਰਨਾ ਪਵੇਗਾ। ਤੁਹਾਨੂੰ ਆਪਣੇ ਵਕੀਲ ਨੂੰ ਇਹ ਦੱਸਣਾ ਚਾਹੀਦਾ ਹੈ, ਜੇ ਤੁਹਾਡੇ ਉੱਤੇ ਤੁਹਾਡੇ ਸਾਥੀ ਵਲੋਂ ਦੁਰਵਿਵਹਾਰ ਕੀਤਾ ਗਿਆ ਸੀ, ਤੁਹਾਨੂੰ ਕਿਸੇ ਦਸਤਾਵੇਜ਼ ਤੇ ਹਸਤਾਖਰ ਕਰਨ ਲਈ ਮਜਬੂਰ ਕੀਤਾ ਗਿਆ ਸੀ, ਜਾਂ ਤੁਹਾਨੂੰ ਆਪਣੇ ਦੇਸ਼ ਵਿਚ ਆਪਣੇ ਸਾਥੀ ਜਾਂ ਉਸਦੇ ਪਰਿਵਾਰ ਦੇ ਸਦੱਸਾਂ ਤੋਂ ਕੋਈ ਡਰ ਹੈ।

ਜੇ ਤੁਹਾਡੀ ਅਰਜ਼ੀ ਖ਼ਾਰਿਜ ਹੋ ਜਾਂਦੀ ਹੈ ਤਾਂ ਸੰਭਵ ਹੈ ਤੁਸੀਂ ਇਸ ਫ਼ੈਸਲੇ ਨੂੰ ਰਿਫਯੂਜੀ ਅਪੀਲ ਡਿਵੀਜ਼ਨ (ਆਰਏਡੀ) ਵਿਚ ਅਪੀਲ ਕਰ ਸਕੋ। ਅਪੀਲ ਦਾਇਰ ਕਰਨ ਲਈ ਅਤੇ ਸਾਰੇ ਦਸਤਾਵੇਜ਼ ਜਮਾਂ ਕਰਵਾਉਣ ਲਈ ਬਹੁਤ ਘੱਟ ਸਮਾਂ ਦਿੱਤਾ ਜਾਂਦਾ ਹੈ। ਸਾਰੇ ਰਿਫਯੂਜੀ ਦਾਵੇਦਾਰਾਂ ਦੀ ਆਰਏਡੀ ਤੱਕ ਪਹੁੰਚ ਨਹੀਂ ਹੁੰਦੀ। ਉਦਾਹਰਣ ਲਈ, ਤੁਸੀਂ ਆਰਏਡੀ ਨੂੰ ਅਪੀਲ ਨਹੀਂ ਕਰ ਸਕਦੇ ਜੇ ਤੁਸੀਂ ਮਨੋਨੀਤ (ਸੁਰੱਖਿਅਤ) ਮੂਲ ਦੇਸ਼ ਦੇ ਹੋ (ਡੀਸੀਓ)।

ਸਰਕਾਰ ਨੇ ਅਜਿਹੇ ਦੇਸ਼ਾਂ ਦੀ ਇੱਕ ਸੂਚੀ ਵਿਕਸਿਤ ਕੀਤੀ ਹੈ ਜਿਹਨਾਂ ਨੂੰ *ਸੁਰੱਖਿਅਤ* ਸਮਝਿਆ ਜਾਂਦਾ ਹੈ, ਇਹਨਾਂ ਨੂੰ **ਮਨੋਨੀਤ (ਸੁਰੱਖਿਅਤ) ਉਤਪੱਤੀ ਦੇ ਦੇਸ਼ (ਡੀਸੀਓ)** ਕਿਹਾ ਜਾਂਦਾ ਹੈ। ਇਹ ਜਾਣਨਾ ਬਹੁਤ ਜ਼ਰੂਰੀ ਹੈ ਜੇ ਤੁਸੀਂ ਡੀਸੀਓ ਤੋਂ ਆਏ ਹੋ ਕਿਉਂਕਿ ਡੀਸੀਓ ਦੇ ਸ਼ਰਨਾਰਥੀ ਦਰਖਾਸਤਾਂ ਦਾ ਸਮਾਂ ਬਹੁਤ ਘੱਟ ਹੈ ਅਤੇ ਜੇ ਤੁਹਾਡੀ ਅਰਜ਼ੀ ਖਾਰਿਜ ਹੋ ਜਾਂਦੀ ਹੈ ਤਾਂ ਤੁਹਾਡੇ ਕੋਲ ਬਹੁਤ ਘੱਟ ਵਿਕਲਪ ਹਨ। ਤੁਹਾਨੂੰ ਜਿੰਨੀ ਛੇਤੀ ਹੋ ਸਕੇ ਇਸਦੇ ਬਾਰੇ ਵਿਚ ਇੰਮੀਗ੍ਰੇਸ਼ਨ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ।

## ਕੋਈ ਕਾਨੂੰਨੀ ਦਰਜਾ ਨਾ ਹੋਣਾ

ਤੁਸੀਂ ਕੈਨੇਡਾ ਵਿਚ ਬਗੈਰ ਕਿਸੇ ਕਾਨੂੰਨੀ ਦਰਜੇ ਦੇ ਹੋ ਸਕਦੇ ਹੋ। ਇਹ ਤਾਂ ਹੋ ਸਕਦਾ ਹੈ ਜੇ ਤੁਹਾਡੇ ਵਿਜ਼ਿਟਰ ਜਾਂ ਵਿਦਿਆਰਥੀ ਵੀਜ਼ੇ ਦੀ ਮਿਆਦ ਖਤਮ ਹੋ ਗਈ ਹੈ, ਜੇ ਤੁਹਾਡੀ ਸ਼ਰਨਾਰਥੀ ਦਰਖਾਸਤ ਖਾਰਿਜ ਹੋ ਗਈ ਹੈ, ਜਾਂ ਇਸ ਲਈ ਕਿ ਤੁਸੀਂ ਦੇਸ਼ ਵਿਚ ਗੈਰ ਕਾਨੂੰਨੀ ਢੰਗ ਨਾਲ ਆਏ ਸੀ। ਭਾਵੇਂ ਤੁਹਾਡੇ ਵੀ ਪਰਿਵਾਰਕ ਕਾਨੂੰਨ ਦੇ ਹੱਕ ਹੋਰ ਕਿਸੇ ਮਹਿਲਾ ਵਰਗੇ ਹਨ, ਤੁਸੀਂ ਇੰਮੀਗ੍ਰੇਸ਼ਨ ਅਧਿਕਾਰੀਆਂ ਦੇ

ਧਿਆਨ ਵਿਚ ਆ ਜਾਂਦੇ ਹੋ ਤਾਂ ਤੁਸੀਂ ਨਿਰਵਾਸਿਤ ਹੋ ਸਕਦੇ ਹੋ। ਸੰਭਵ ਹੈ ਤੁਸੀਂ ਸਥਾਨਕ ਮਹਿਲਾ ਸੰਗਠਨ ਜਾਂ ਮਹਿਲਾ ਸ਼ਰਨ ਕੇਂਦਰ ਤੋ ਮਦਦ ਪ੍ਰਾਪਤ ਕਰ ਸਕੋ।

ਜੇ ਤੁਹਾਨੂੰ ਆਪਣੇ ਦੇਸ਼ ਵਿਚ ਆਪਨੇ ਸਾਥੀ ਜਾਂ ਪਰਿਵਾਰ ਦੇ ਸਦੱਸਾਂ ਤੋਂ ਕੋਈ ਡਰ ਹੈ ਤਾਂ ਤੁਹਾਨੂੰ ਆਪਣੇ ਵਕੀਲ ਨਾਲ ਸ਼ਰਨਾਰਥੀ ਦਰਖਾਸਤ ਲਾਉਣ ਦੀ ਸੰਭਾਵਨਾ ਬਾਰੇ ਗੱਲ ਕਰਨੀ ਚਾਹੀਦੀ ਹੈ।

## ਹਿਊਮੈਨੀਟੇਰੀਅਨ ਐਂਡ ਕਮਪੈਸ਼ਨੇਟ (ਮਾਨਵੀ ਅਤੇ ਹਮਦਰਦੀ) (ਐਚ ਐਂਡ ਸੀ) ਅਰਜੀ

ਜੇ ਤੁਹਾਡਾ ਕਾਨੂੰਨੀ ਦਰਜਾ ਨਹੀਂ ਹੈ ਜਾਂ ਤੁਹਾਡਾ ਇੰਮੀਗ੍ਰੇਸ਼ਨ ਦਰਜਾ ਖਤਰੇ ਵਿਚ ਹੈ, ਤਾਂ ਇੱਕ ਵਿਕਲਪ **ਹਿਊਮੈਨੀਟੇਰੀਅਨ ਐਂਡ ਕਮਪੈਸ਼ਨੇਟ (ਮਾਨਵੀ ਅਤੇ ਹਮਦਰਦੀ) (ਐਚ ਐਂਡ ਸੀ) ਅਰਜੀ** ਬਾਰੇ ਸੋਚ ਸਕਦੇ ਹੋ। ਇੱਕ ਐਚ ਐਂਡ ਸੀ ਅਰਜੀ ਖਾਸ ਪਰਿਸਥਿਤੀਆਂ ਵਿਚ ਸਰਕਾਰ ਕੋਲੋਂ ਕੈਨੇਡਾ ਵਿਚ ਰਹਿਣ ਦੀ ਇਜਾਜ਼ਤ ਲੈਣ ਲਈ ਵਰਤੀ ਜਾਂਦੀ ਹੈ। ਐਚ ਐਂਡ ਸੀ ਦੀ ਅਰਜੀ ਤੁਹਾਨੂੰ ਨਿਰਵਾਸਿਤ ਕੀਤੇ ਜਾਣ ਤੋਂ ਨਹੀਂ ਬਚਾ ਸਕਦੀ। ਤੁਹਾਨੂੰ ਜਿੰਨੀ ਛੇਤੀ ਹੋ ਸਕੇ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ। ਤੁਹਾਡੀ ਸਥਿਤੀ ਦੇ ਅਧਾਰ ਤੇ ਤੁਹਾਡੇ ਕੋਲ ਇੰਮੀਗ੍ਰੇਸ਼ਨ ਦੇ ਹੋਰ ਵਿਕਲਪ ਵੀ ਹੋ ਸਕਦੇ ਹਨ।

ਜੇ ਤੁਹਾਡੇ ਰਿਸ਼ਤੇ ਵਿਚ ਦੁਰਵਿਵਹਾਰ ਹੋਇਆ ਸੀ ਤਾਂ ਤੁਹਾਨੂੰ ਇਸਦੇ ਬਾਰੇ ਆਪਣੀ ਅਰਜੀ ਵਿਚ ਦੱਸਣਾ ਚਾਹੀਦਾ ਹੈ। ਕੁਝ ਸਵਾਲ ਜਿਹੜੇ ਐਚ ਐਂਡ ਸੀ ਦੀ ਅਰਜੀ ਵਿਚ ਵਿਚਾਰੇ ਜਾਂਦੇ ਹਨ:

- ਕੀ ਤੁਹਾਡਾ ਕੈਨੇਡਾ ਨਾਲ ਮਜ਼ਬੂਤ ਸਬੰਧ ਹੈ?
- ਕੀ ਤੁਸੀਂ ਆਪਣੀ ਵਿੱਤੀ ਮਦਦ ਕਰ ਸਕਦੇ ਹੋ?
- ਜੇ ਤੁਸੀਂ ਆਪਣੇ ਦੇਸ਼ ਵਾਪਸ ਜਾਂਦੇ ਹੋ ਤਾਂ ਕੀ ਤੁਹਾਨੂੰ ਮਹੱਤਵਪੂਰਨ ਤੰਗੀਆਂ ਦਾ ਸਾਹਮਣਾ ਕਰਨਾ ਪਵੇਗਾ?

ਇੰਮੀਗ੍ਰੇਸ਼ਨ ਅਫ਼ਸਰਾਂ ਨੂੰ ਐਚ ਐਂਡ ਸੀ ਦੀ ਅਰਜੀ ਨਾਲ ਪ੍ਰਭਾਵਿਤ ਹੋਣ ਵਾਲੇ ਬਚਿਆਂ ਬਾਰੇ ਵੀ ਵਿਚਾਰਨਾ ਚਾਹੀਦਾ ਹੈ, ਭਾਵੇਂ ਉਹਨਾਂ ਦਾ ਜਨਮ ਕੈਨੇਡਾ ਵਿਚ ਹੋਇਆ ਸੀ ਜਾਂ ਨਹੀਂ।

ਜੇ ਤੁਸੀਂ ਆਪਣੀ ਸ਼ਰਨਾਰਥੀ ਅਰਜੀ ਦੇ ਫ਼ੈਸਲੇ ਦੀ ਉਡੀਕ ਕਰ ਰਹੇ ਹੋ ਤਾਂ ਤੁਸੀਂ ਐਚ ਐਂਡ ਸੀ ਦੀ ਅਰਜੀ ਨਹੀਂ ਲਗਾ ਸਕਦੇ। ਜੇ ਤੁਹਾਡੀ ਸ਼ਰਨਾਰਥੀ ਅਰਜੀ ਖਾਰਿਜ ਹੋ ਗਈ ਹੈ ਤਾਂ ਤੁਸੀਂ ਉਸਦੇ ਖਾਰਿਜ ਹੋਣ ਦੀ ਤਰੀਕ ਤੋਂ 12 ਮਹੀਨੇ ਤੱਕ ਐਚ ਐਂਡ ਸੀ ਦੀ ਅਰਜੀ ਨਹੀਂ ਲਗਾ ਸਕਦੇ, ਜਦ ਤੱਕ ਤੁਸੀਂ ਇਹ ਨਹੀਂ ਦਰਸ਼ਾਉਂਦੇ ਕਿ ਤੁਹਾਡੀ ਜਾਨ ਨੂੰ ਖਤਰਾ ਹੋਏਗਾ ਕਿਉਂਕਿ:

- ਤੁਹਾਡਾ ਮੂਲ ਦੇਸ਼ ਤੁਹਾਨੂੰ ਉਚਿਤ ਸਿਹਤ ਜਾਂ ਮੈਡੀਕਲ ਦੇਖਭਾਲ ਨਹੀਂ ਦੇ ਸਕਦਾ; ਜਾਂ
- ਤੁਹਾਨੂੰ ਕੈਨੇਡਾ ਵਿਚੋਂ ਹਟਾਏ ਜਾਣ ਨਾਲ ਤੁਹਾਡੇ ਬੱਚੇ ਤੇ ਬੁਰਾ ਅਸਰ ਪਵੇਗਾ। ਇਹ ਤੁਹਾਡਾ ਆਪਣਾ

ਬੱਚਾ ਹੋਣਾ ਜਰੂਰੀ ਨਹੀ ਹੈ – ਇਹ ਕੋਈ ਵੀ ਬੱਚਾ ਹੋ ਸਕਦਾ ਹੈ ਜਿਸਦੇ ਨਾਲ ਤੁਹਾਡਾ ਰਿਸ਼ਤਾ ਹੈ ਅਤੇ ਜੋ ਤੁਹਾਡੇ ਹਟਾਏ ਜਾਣ ਨਾਲ ਪ੍ਰਭਾਵਿਤ ਹੋ ਸਕਦਾ ਹੈ।

ਇੱਕ ਵਕੀਲ ਤੁਹਾਨੂੰ ਤੁਹਾਡੀ ਸਥਿਤੀ ਲਈ ਵਧੀਆ ਚੋਣ ਦਾ ਫ਼ੈਸਲਾ ਕਰਨ ਵਿੱਚ ਮਦਦ ਕਰ ਸਕਦਾ ਹੈ।

## ਘਰੇਲੂ ਹਿੰਸਾ ਅਤੇ ਦੁਰਵਿਵਹਾਰ

ਰਿਸ਼ਤੇ ਕਈ ਕਾਰਣਾਂ ਕਰਕੇ ਟੁੱਟ ਸਕਦੇ ਹਨ। ਇਹਨਾਂ ਵਿਚੋਂ ਇੱਕ ਕਾਰਣ ਤੁਹਾਡੇ ਸਾਥੀ ਵਲੋਂ ਹਿੰਸਾ ਅਤੇ ਦੁਰਵਿਵਹਾਰ ਵੀ ਹੋ ਸਕਦਾ ਹੈ। ਜੇ ਤੁਸੀਂ ਇੰਮੀਗ੍ਰੇਸ਼ਨ ਅਫ਼ਸਰਾਂ ਨੂੰ ਇਹ ਦੱਸਦੇ ਹੋ ਕਿ ਤੁਸੀਂ ਆਪਣੇ ਸਾਥੀ ਜਾਂ ਪਰਿਵਾਰ ਦੇ ਸਦੱਸ ਵਲੋਂ ਦੁਰਵਿਵਹਾਰ ਅਨੁਭਵ ਕੀਤਾ ਹੈ, ਤਾਂ ਤੁਹਾਡੀ ਕੈਨੇਡਾ ਲਈ ਇੰਮੀਗ੍ਰੇਸ਼ਨ ਦੀ ਅਰਜੀ ਦੀ ਕਾਰਵਾਈ ਕਰਨ ਸਮੇਂ ਉਹਨਾਂ ਨੂੰ ਇਹ ਵਿਚਾਰਨਾ ਚਾਹੀਦਾ ਹੈ।

ਜੇ ਤੁਹਾਡਾ ਸਾਥੀ ਹਿੰਸਕ ਹੈ ਜਾਂ ਦੁਰਵਿਵਹਾਰ ਕਰਨ ਵਾਲਾ ਹੈ, ਤਾਂ ਵਧੇਰੇ ਜਾਣਕਾਰੀ ਲਈ, ਅਸਾਲਟਿਡ ਵੂਮੈਨ ਹੈਲਪਲਾਈਨ ਨੂੰ ਇਹਨਾਂ ਨੰਬਰਾਂ ਤੇ ਕਾਲ ਕਰੋ:
416-863-0511
1-866-863-0511 (ਕਰ ਰਹਿਤ)
1-866-863-7868 (ਟੀਟੀਵਾਈ)

ਜੇ ਤੁਸੀਂ ਫੌਰੀ ਖਤਰੇ ਵਿਚ ਹੋ, ਤਾਂ ਤੁਹਾਨੂੰ ਪੁਲਿਸ ਨੂੰ (ਮਿਲਾਓ 911) ਕਾਲ ਕਰਨਾ ਚਾਹੀਦਾ ਹੈ।

### ਪੁਲਿਸ ਨੂੰ ਸ਼ਾਮਲ ਕਰਨਾ

ਔਰਤ ਨਾਲ ਬਦਸਲੂਕੀ ਨੂੰ ਕੈਨੇਡਾ ਵਿੱਚ ਕਾਨੂੰਨ ਦੇ ਵਿਰੁੱਧ ਹੈ। ਜੇ ਪੁਲਿਸ ਨੂੰ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਤੁਹਾਡੇ ਸਾਥੀ ਨੇ ਤੁਹਾਡੇ ਉੱਤੇ ਹਮਲਾ ਕੀਤਾ ਹੈ, ਤਾਂ ਉਹ ਉਸਦੇ ਖਿਲਾਫ਼ ਅਪਰਾਧਕ ਚਾਰਜ ਲਗਾ ਸਕਦੇ ਹਨ। ਉਹ ਤਾਂ ਵੀ ਚਾਰਜ ਲਗਾਉਣਗੇ ਭਾਵੇਂ ਤੁਸੀਂ ਇਹ ਨਹੀਂ ਚਾਹੁੰਦੇ। ਜੇ ਪੁਲਿਸ ਨੂੰ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਤੁਸੀਂ ਆਪਣੇ ਸਾਥੀ ਤੇ ਹਮਲਾ ਕੀਤਾ ਹੈ ਤਾਂ ਉਹ ਤੁਹਾਡੇ ਉੱਤੇ ਵੀ ਚਾਰਜ ਲਗਾ ਸਕਦੇ ਹਨ।

ਭਾਵੇਂ ਤੁਸੀਂ ਚਾਰਜ ਨਹੀਂ ਹੁੰਦੇ, ਪਰ ਪੁਲਿਸ, ਕ੍ਰਾਉਨ ਕਾਉਂਸਲ (ਸਰਕਾਰੀ ਵਕੀਲ), ਜਾਂ ਅਦਾਲਤ ਦੇ ਹੋਰ ਅਫ਼ਸਰ ਇਹ ਪਤਾ ਲਗਾ ਸਕਦੇ ਹਨ ਕਿ ਕੈਨੇਡਾ ਵਿਚ ਤੁਹਾਡਾ ਕਾਨੂੰਨੀ ਦਰਜਾ ਨਹੀ ਹੈ, ਅਤੇ ਇੰਮੀਗ੍ਰੇਸ਼ਨ ਅਫ਼ਸਰਾਂ ਨੂੰ ਦੱਸ ਸਕਦੇ ਹਨ। ਜੇ ਇਹ ਹੁੰਦਾ ਹੈ ਤਾਂ ਤੁਸੀਂ ਗਿਰਫ਼ਤਾਰ ਜਾਂ ਨਿਰਵਾਸਿਤ ਹੋ ਸਕਦੇ ਹੋ।

ਇੱਕ ਅਪਰਾਧਕ ਦੋਸ਼ ਕਿਸੀ ਵਿਅਕਤੀ ਦੇ ਇੰਮੀਗ੍ਰੇਸ਼ਨ ਦਰਜੇ ਤੇ ਅਸਰ ਕਰ ਸਕਦਾ ਹੈ ਅਤੇ ਭਾਵੇਂ ਤੁਸੀਂ ਪਰਮਾਨੈਂਟ ਰੈਜ਼ੀਡੈਂਟ ਹੋਵੇ ਤਾਂ ਵੀ ਤੁਹਾਨੂੰ ਨਿਰਵਾਸਿਤ ਕਰਵਾ ਸਕਦਾ ਹੈ। ਪਰਮਾਨੈਂਟ ਰੈਜ਼ੀਡੈਂਟਾਂ ਨੂੰ ਵੀ ਕੁਝ ਦੋਸ਼ਾਂ ਕਰਕੇ ਨਿਰਵਾਸਿਤ ਕੀਤਾ ਜਾ ਸਕਦਾ ਹੈ। ਜੇ ਤੁਹਾਡਾ ਸਾਥੀ ਨਿਰਵਾਸਿਤ ਹੋ ਜਾਂਦਾ ਹੈ ਅਤੇ ਜੇ ਉਹ ਤੁਹਾਨੂੰ ਸਪੌਂਸਰ ਕਰਨ ਦੀ ਪ੍ਰਕਿਰਿਆ ਵਿਚ ਸੀ ਤਾਂ ਤੁਹਾਡਾ ਇੰਮੀਗ੍ਰੇਸ਼ਨ ਦਰਜਾ ਵੀ ਖਤਰੇ ਵਿਚ ਆ ਸਕਦਾ ਹੈ। ਜੇ ਤੁਸੀਂ ਕੈਨੇਡਾ ਦੇ ਨਾਗਰਿਕ ਨਹੀਂ ਹੋ, ਅਤੇ ਤੁਸੀਂ ਕਿਸੀ ਅਪਰਾਧ ਦੇ ਦੋਸ਼ ਵਿਚ ਸ਼ਾਮਲ ਹੋ ਤਾਂ, ਤੁਹਾਨੂੰ ਤੁਰੰਤ ਦੋਹਾਂ, ਅਪਰਾਧਕ ਵਕੀਲ ਅਤੇ ਇੰਮੀਗ੍ਰੇਸ਼ਨ ਵਕੀਲ ਕੋਲੋਂ ਸਲਾਹ ਲੈਣੀ ਚਾਹੀਦੀ ਹੈ।

## ਆਵਾਸੀ ਮਹਿਲਾਵਾਂ ਲਈ ਹੋਰ ਪਰਿਵਾਰਕ ਕਾਨੂੰਨ ਦੇ ਮੁੱਦੇ

ਜੇ ਤੁਸੀਂ ਅਤੇ ਤੁਹਾਡਾ ਸਾਥੀ ਕੈਨੇਡਾ ਵਿਚ ਕਿਸੇ ਹੋਰ ਦੇਸ਼ ਤੋਂ ਆਏ ਹੋ ਤਾਂ ਪਰਿਵਾਰਕ ਕਾਨੂੰਨ ਦੇ ਮੁੱਦੇ ਤੁਹਾਡੇ ਵੱਖ ਹੋਣ ਸਮੇਂ ਹੋਰ ਵੀ ਗੁੰਝਲਦਾਰ ਹੋ ਸਕਦੇ ਹਨ, ਜੇ ਤੁਸੀਂ ਜਾਂ ਤੁਹਾਡਾ ਸਾਥੀ ਕੈਨੇਡਾ ਨੂੰ ਛੱਡਣ ਬਾਰੇ ਸੋਚਦੇ ਹੋ।

ਤੁਹਾਨੂੰ ਇਹਨਾਂ ਆਮ ਮੁੱਦਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ:

- ਬੱਚਿਆਂ ਦੇ ਨਾਲ ਸਥਾਨ ਪਰਿਵਰਤਨ
- ਬੱਚਿਆਂ ਦੇ ਨਾਲ ਯਾਤਰਾ ਕਰਨਾ
- ਬੱਚੇ ਦਾ ਅਗਵਾ ਹੋਣਾ
- ਉਨਟਾਰੀਓ ਤੋਂ ਬਾਹਰ ਰਹਿ ਰਹੇ ਕਿਸੇ ਵਿਅਕਤੀ ਤੋਂ ਮਾਲੀ ਸਹਾਇਤਾ ਲੈਣਾ

ਬੱਚਿਆਂ ਦੇ ਨਾਲ ਸਥਾਨ ਪਰਿਵਰਤਨ, ਬੱਚਿਆਂ ਦੇ ਨਾਲ ਯਾਤਰਾ ਕਰਨ, ਜਾਂ ਬੱਚੇ ਦੇ ਅਗਵਾ ਹੋਣ ਤੇ ਵਧੇਰੇ ਜਾਣਕਾਰੀ ਲਈ ਸਾਡੀ ਪੁਸਤਿਕਾ "ਬੱਚਿਆਂ ਦੀ ਕਸਟਡੀ ਅਤੇ ਪਹੁੰਚ" ਪੜ੍ਹੋ।

ਵਿੱਤੀ ਸਹਿਯੋਗ ਲੈਣ ਬਾਰੇ ਵਧੇਰੇ ਜਾਣਕਾਰੀ ਲਈ, "ਚਾਈਲਡ ਸਹਿਯੋਗ" ਅਤੇ "ਸਪਾਊਜ਼ਲ ਸਹਿਯੋਗ" ਸਾਡੀ ਪੁਸਤਿਕਾ ਵੇਖੋ।

Ontario

The Law Foundation of Ontario
Building a better foundation for justice in Ontario

- *ਇਸ ਸਮੱਗਰੀ ਵਿੱਚ ਵਿਅਕਤ ਵਿਚਾਰ ਫਲਿਊ ਦੇ ਹਨ ਅਤੇ ਲਾਜ਼ਮੀ ਤੌਰ ਤੇ ਸੂਬੇ ਦੇ ਨਹੀ ਹਨ।*

- *ਭਾਵੇਂ ਇਹ ਵਿੱਤੀ ਤੌਰ 'ਤੇ ਉਨਟਾਰੀਓ ਦੀ ਕਾਨੂੰਨ ਵਿਵਸਥਾ ਦੀ ਫਾਊਨਡੇਸ਼ਨ ਦੇ ਸਹਿਯੋਗ ਨਾਲ ਹੈ, ਫਿਰ ਵੀ ਇਸ ਪ੍ਰਕਾਸ਼ਨ ਦੀ ਸਮੱਗਰੀ ਲਾਜ਼ਮੀ ਤੌਰ ਤੇ ਫਾਊਨਡੇਸ਼ਨ ਦੇ ਵਿਚਾਰ ਨਹੀ ਦਰਸ਼ਾਉਂਦੀ।*


*ਜਦੋਂ ਕੋਈ ਨਿਕਟਵਰਤੀ ਰਿਸ਼ਤਾ ਖਤਮ ਹੋ ਰਿਹਾ ਹੁੰਦਾ ਹੈ ਤਾਂ ਹਿੰਸਾ ਦਾ ਖਤਰਾ ਵੱਧ ਜਾਂਦਾ ਹੈ। ਜੇ ਤੁਸੀ ਖਤਰੇ ਵਿਚ ਹੋ ਤਾਂ, 911 ਤੇ ਕਾਲ ਕਰੋ। ਜੇ ਤੁਸੀ ਜਾਂ ਤੁਹਾਡੀ ਪਛਾਣ ਦਾ ਕੋਈ ਖਤਰੇ ਵਿਚ ਹੈ ਤਾਂ ਮਦਦ ਲੈਣ ਦੀ ਜਾਣਕਾਰੀ ਲਈ ਫਲਿਊ ਦੀ ਵੈਬਸਾਇਟ ਵੇਖੋ।*

*ਜੇ ਤੁਸੀ ਫ੍ਰੈਂਚ ਭਾਸ਼ਾ ਬੋਲਣ ਵਾਲੀ ਮਹਿਲਾ ਹੋ ਜੋ ਓਨਟਾਰੀਓ ਵਿਚ ਰਹਿੰਦੀ ਹੈ, ਤਾਂ ਤੁਹਾਨੂੰ ਫ੍ਰੈਂਚਫ੍ਰੈਂਚ ਭਾਸ਼ਾ ਵਿਚ ਪਰਿਵਾਰਕ ਅਦਾਲਤ ਦੀ ਸੁਣਵਾਈ ਕਰਵਾਉਣ ਦਾ ਪੂਰਾ ਹੱਕ ਹੈ। ਆਪਣੇ ਹੱਕਾਂ ਦੀ ਵਧੇਰੇ ਜਾਣਕਾਰੀ ਲਈ, ਵਕੀਲ, ਕਮਿਯੂਨਿਟੀ ਕਾਨੂੰਨੀ ਕਲੀਨਿਕ, ਜਾਂ ਸਹਿਯੋਗ ਲਾਈਨ ਫ਼ਮਏਡ ਨੂੰ 1-877-336-2433, ਟੀਟੀਵਾਈ 1-866-860-7082 ਤੇ ਸੰਪਰਕ ਕਰੋ।*

*ਫ੍ਰੈਂਚ ਭਾਸ਼ਾ ਵਿਚ ਹੋਰ ਸੇਵਾਵਾਂ ਦੀ ਜਾਣਕਾਰੀ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈਬਸਾਇਟ www.onefamilylaw.ca ਜਾਂ www.undroitdefamille.ca ਵੇਖੋ।*

**ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:***

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. **ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)**
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪੁਸਤਿਕਾ ਅਨੇਕ ਰੂਪਾਂ ਅਤੇ ਭਾਸ਼ਾਵਾਂ ਵਿਚ ਉਪਲਬਧ ਹੈ। ਕਿਰਪਾ ਕਰਕੇ ਵਧੇਰੇ ਜਾਣਕਾਰੀ ਲਈ www.onefamilylaw.ca ਵੇਖੋ। ਤੁਸੀਂ ਆਪਣੇ ਪਰਿਵਾਰਕ ਕਾਨੂੰਨ ਹੱਕਾਂ ਨੂੰ ਜਾਣਨ ਅਤੇ ਸਮਝਣ ਲਈ ਵੈਬਸਾਇਟ ਤੇ ਵਧੇਰੇ ਸਮੱਗਰੀ ਲਭ ਸਕਦੇ ਹੋ।*

flew Family Law Education for Women
Women's Right to Know

fodf Femmes ontariennes et droit de la famille
Le droit de savoir